**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ**
**ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਿਟੀ,ਪੰਜਾਬ।**
**ਸਿੱਖਿਆ ਭਵਨ(ਪੰਜਾਬ ਸਕੂਲ ਸਿੱਖਿਆ ਬੋਰਡ),ਪੰਜਵੀਂ ਮੰਜ਼ਿਲ,ਬਲਾਕ-ਈ,ਫੇਜ਼-8,ਅਜੀਤਗੜ੍ਹ(ਮੋਹਾਲੀ)**
**ਪੰਜਾਬ-160062 ਫੋਨ ਨੰ: 0172-5212313,5212359 ਫੈਕਸ ਨੰ:0172-5212369,5212370**
**ਈ-ਮੇਲ:ddssa777@gmail.com Website: ssapunjab.org**

**ਇਨਫੋਰਸਮੈਂਟ ਸ਼ਾਖਾ**

ਹੁਕਮ ਨੰ:ਇਨਫੋਰਸਮੈਟ-2/2013/(209322)

ਮਿਤੀ: ਐਸ.ਏ.ਐਸ ਨਗਰ:5-11-2014

ਸ੍ਰੀ ਬੀਰਬਲ ਸਿੰਘ, ਵੋਕੇਸ਼ਨਲ ਮਾਸਟਰ (ਇਲੈਕਟੀਕਲ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਠੀਕਰੀਵਾਲ ਜਿਲਾ ਬਰਨਾਲਾ ਨੂੰ ਮਿਤੀ: 03-10-13 ਤੋ ਸਰਕਾਰੀ ਡਿਊਟੀ ਤੋ ਅਣ-ਅਧਿਕਾਰਤ ਤੋਰ ਤੇ ਗੈਰਹਾਜਰ ਕਾਰਨ ਵੱਡੀ ਸਜ਼ਾ ਦੇਣ ਲਈ ਲਈ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਾਲੀ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ, ਪਰ ਕਰਮਚਾਰੀ ਵੱਲੋ ਦੋਸ਼ ਸੂਚੀ ਦਾ ਕੋਈ ਉਤਰ ਨਹੀ ਦਿੱਤਾ ਗਿਆ। ਉਸ ਵਿਰੁੱਧ ਜਾਰੀ ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਦੀ ਸਚਾਈ ਜਾਨਣ ਲਈ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਰਨਾਲਾ ਨੂੰ ਪੜਤਾਲੀਆ ਅਫ਼ਸਰ ਨਿਯੁਕਤ ਕੀਤਾ ਗਿਆ ਸੀ।ਪੜਤਾਲੀਆ ਅਫਸਰ ਵੱਲੋ ਪ੍ਰਾਪਤ ਪੜਤਾਲ ਰਿਪੋਰਟ ਅਨੁਸਾਰ ਕਰਮਚਾਰੀ ਵਿਰੁੱਧ ਮਿਤੀ: 03-10-2013 ਤੋ ਬਿਨ੍ਹਾ ਕੋਈ ਸੂਚਨਾਂ ਦਿੱਤੇ ਅਣ ਅਧਿਕਾਰਤ ਤੋਰ ਤੇ ਗੈਰ-ਹਾਜਰ ਰਹਿਣ ਦਾ ਦੋਸ਼ ਸਿੱਧ ਹੁੰਦਾ ਹੈ।ਪੜਤਾਲੀਆ ਅਫਸਰ ਵੱਲੋ ਪ੍ਰਾਪਤ ਹੋਈ ਪੜਤਾਲ ਰਿਪੋਰਟ ਦੇ ਆਧਾਰ ਤੇ ਦੋ ਅਖਬਾਰਾਂ ਵਿੱਚ ਦਿੱਤੇ ਪਬਲਿਕ ਨੋਟਿਸ ਰਾਹੀ ਸਬੰਧਤ ਕਰਮਚਾਰੀ ਨੂੰ 21 ਦਿਨ੍ਹਾ ਦੇ ਅੰਦਰ ਅੰਦਰ ਇਸ ਦਫਤਰ ਵਿਖੇ ਨਿੱਜੀ ਤੋਰ ਤੇ ਜਾਂ ਲਿਖਤੀ ਰੂਪ ਵਿੱਚ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਸੀ। ਪਰ ਕਰਮਚਾਰੀ ਵੱਲੋ ਪਬਲਿਕ ਨੋਟਿਸ ਦਾ ਸਮਾ ਖਤਮ ਹੋਣ ਤੋ ਬਾਅਦ ਤੱਕ ਕੋਈ ਉਤਰ ਪ੍ਰਾਪਤ ਨਹੀ ਹੋਇਆ ਹੈ । ਉਪਰੋਕਤ ਤੋ ਸਪੱਸ਼ਟ ਹੈ ਕਿ ਕਰਮਚਾਰ ਦੀ ਸਰਕਾਰੀ ਨੌਕਰੀ ਕਰਨ ਵਿੱਚ ਕੋਈ ਦਿਲਚਸਪੀ ਨਹੀ ਹੈ ਅਤੇ ਉਹ ਵਿਦੇਸ਼ ਸੈਂਟਲ ਹੋ ਚੁੱਕਾ ਹੈ।

ਇਸ ਲਈ ਮੈਂ **ਜੀ.ਕੇ.ਸਿੰਘ, ਆਈ.ਏ.ਐਸ.** ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਪੜਤਾਲ ਰਿਪੋਰਟ ਅਤੇ ਉਸ ਦੀ ਗੈਰ ਹਾਜਰੀ ਨਾਲ ਸਬੰਧਤ ਰਿਕਾਰਡ ਨੂੰ ਘੋਖਣ ਉਪਰੰਤ ਇਸ ਸਿੱਟੇ ਤੇ ਪੁੱਜਾ ਹਾਂ ਕਿ ਸ੍ਰੀ ਬੀਰਬਲ ਸਿੰਘ, ਵੋਕੇਸ਼ਨਲ ਮਾਸਟਰ (ਇਲੈਕਟੀਕਲ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਠੀਕਰੀਵਾਲ ਜਿਲਾ ਬਰਨਾਲਾ ਜੋ ਮਿਤੀ: 03-10-13 ਤੋ ਜਾਣ ਬੁੱਝ ਕੇ ਆਪਣੀ ਡਿਊਟੀ ਤੋ ਗੈਰ-ਹਾਜਰ ਹੈ ਅਤੇ ਉਹ ਸਰਕਾਰੀ ਸੇਵਾ ਕਰਨ ਵਿੱਚ ਕੋਈ ਦਿਲਚਸਪੀ ਨਹੀ ਰੱਖਦਾ। ਸ੍ਰੀ ਬੀਰਬਲ ਸਿੰਘ, ਵੋਕੇਸ਼ਨਲ ਮਾਸਟਰ (ਇਲੈਕਟੀਕਲ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਠੀਕਰੀਵਾਲ ਜਿਲਾ

ਬਰਨਾਲਾ ਨੂੰ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 5 (Viii) ਵੱਡੀਆ ਸਜ਼ਾਵਾਂ ਵਿੱਚ ਵਰਣਿਤ ਸਜ਼ਾ ਦਿੰਦੇ ਹੋਏ ਉਸ ਦੀਆ ਸੇਵਾਵਾਂ ਮਿਤੀ: 03-10-2013 ਤੋ ਖਤਮ ਕੀਤੀਆ ਜਾਂਦੀਆ ਹਨ।

ਜੀ.ਕੇ. ਸਿੰਘ, ਆਈ.ਏ ਐਸ.
ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: ਇੰਫੋ-2/2013(209322) 7209-11

ਮਿਤੀ: ਐਸ.ਏ.ਐਸ ਨਗਰ: 3/11/14

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1) ਡੀ.ਪੀ.ਆਈ (ਸੈ:ਸਿ:)ਪੰਜਾਬ ।
2) ਮੰਡਲ ਸਿੱਖਿਆ ਅਫਸਰ ਪਟਿਆਲਾ ਮੰਡਲ ਨਾਭਾ।
3) ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਬਰਨਾਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਵਿਦੇਸ਼/ਪੱਕੇ ਪਤੇ ਤੇ ਸਰਵ ਕਰਵਾ ਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
4) ਸ੍ਰੀ ਬੀਰਬਲ ਸਿੰਘ ਵੋਕੇਸ਼ਨਲ ਮਾਸਟਰ, ਪੁੱਤਰ ਸ੍ਰੀ ਭੋਲਾ ਸਿੰਘ, ਨੇੜੇ ਮੋਹਨ ਲਾਲ ਸਾਬਕਾ ਐਮ .ਸੀ ਭਦੋੜ ਡਾਕਖਾਨਾ ਭਦੌੜ ਜਿਲ੍ਹਾ ਬਰਨਾਲਾ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ